# ਬਲਾਕ ਪੱਧਰ

1. ਪੰਜਾਬ ਦੇ ਸਾਰੇ ਸਕੂਲਾਂ ਵਿੱਚੋਂ ਚੁਣੇ ਗਏ 2-2 ਵਿਦਿਆਰਥੀ ਬਲਾਕ ਪੱਧਰ ਤੇ ਟੈਸਟ ਦੇਣਗੇ।
2. ਬਲਾਕ ਪੱਧਰ ਲਈ ਬਲਾਕ ਦੇ ਸਕੂਲਾਂ ਨੂੰ ਨਵਾਂ ਸਾਫਟਵੇਅਰ (Block Level Quiz Master) ਦਿੱਤਾ ਜਾਵੇਗਾ, ਜੋ ਕਿ ssapunjab.org ਤੋਂ ਡਾਊਨਲੋਡ ਕੀਤਾ ਜਾ ਸਕੇਗਾ।
3. ਬਲਾਕ ਪੱਧਰ ਦੇ ਟੈਸਟ ਵਿੱਚ ਵਿਦਿਆਰਥੀਆਂ ਲਈ 20 ਮਿੰਟਾਂ ਵਿੱਚ 30 ਬਹੁ-ਪਸੰਦੀ ਪ੍ਰਸ਼ਨ (MCQ's) ਅਤੇ ਵੱਖਰੇ 10 ਮਿੰਟ ਅੰਗਰੇਜ਼ੀ ਟਾਇਪਿੰਗ ਲਈ ਦਿੱਤੇ ਜਾਣਗੇ ਜੋ ਕਿ ਸਾਫਟਵੇਅਰ ਵਿੱਚ ਹੀ ਹੋਵੇਗੀ।
4. ਬਲਾਕ ਪੱਧਰ ਦੇ ਟੈਸਟ ਲਈ ਪ੍ਰਸ਼ਨਾਵਲੀ (Questionnaire) DGSE ਦਫਤਰ ਵੱਲੋਂ ਮੌਕੇ ਤੇ ਦਿੱਤੀ ਜਾਵੇਗੀ ਜੋਕਿ ਸਾਫਟਵੇਅਰ ਤੇ ਲੱਗੇ ਬਟਨ "Check Question" ਤੇ ਕਲਿੱਕ ਕਰਕੇ ਸਿੱਧੇ ਸਾਫਟਵੇਅਰ ਵਿੱਚ ਹੀ ਡਾਊਨਲੋਡ ਕੀਤੀ ਜਾ ਸਕੇਗੀ।
5. ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਤੋਂ ਬਾਅਦ ਸਾਫਟਵੇਅਰ ਵਿੱਚ ਲੱਗੇ ਬਟਨ " Show Result" ਤੇ ਕਲਿੱਕ ਕਰਕੇ ਰਿਜ਼ਲਟ ਦੇਖਿਆ ਜਾ ਸਕਦਾ ਹੈ ਅਤੇ ਹੇਠਾਂ ਦਿੱਤੇ " Upload " ਬਟਨ ਤੇ ਕਲਿੱਕ ਕਰਕੇ ਰਿਜ਼ਲਟ ਨੂੰ www.ssapunjab.org ਦੇ ਸਰਵਰ ਤੇ ਅਪਲੋਡ ਕੀਤਾ ਜਾਵੇਗਾ।
6. ਸਾਰੇ ਬਲਾਕ ਆਪਣਾ ਰਿਜ਼ਲਟ ਟੈਸਟ ਵਾਲੇ ਦਿਨ ਟੈਸਟ ਲੈਣ ਤੋਂ ਬਾਅਦ ਅਪਲੋਡ ਕਰਨਗੇ।
7. ਬਲਾਕ ਪੱਧਰ ਦੇ ਟੈਸਟ ਲਈ ਸਕੂਲ ਲੈਬਜ਼ ਦਾ ਚੁਨਾਵ ਸਬੰਧਿਤ ਜ਼ਿਲ੍ਹਾ ਸਿੱਖਿਆ ਅਫਸਰ ਆਪਣੇ ਪੱਧਰ ਤੇ ਕਰਣਗੇ।

ਨੋਟ:

1. ਈ-ਲੈਬ ਦੇ ਇੱਕ ਹੀ ਸੀ.ਪੀ.ਯੂ.(ਸਰਵਰ) ਉੱਪਰ ਇਹ ਸਾਫਟਵੇਅਰ ਇੰਸਟਾੱਲ ਕੀਤਾ ਜਾਵੇ ਜਿਸ ਉੱਪਰ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
2. ਪ੍ਰਸ਼ਨਾਵਲੀ ਡਾਊਨਲੋਡ ਅਤੇ ਰਿਜ਼ਲਟ ਅਪਲੋਡ ਕਰਨ ਵੇਲੇ ਇੰਟਰਨੈੱਟ ਚਾਲੂ ਹਾਲਤ ਵਿੱਚ ਹੋਵੇ।
3. ਧਿਆਨ ਦੇਣ ਯੋਗ ਗੱਲ ਹੈ ਕਿ ਅਪਲੋਡ ਬਟਨ ਤੇ ਇੱਕੋ ਵਾਰੀ ਹੀ ਕਲਿੱਕ ਕੀਤਾ ਜਾ ਸਕਦਾ ਹੈ।ਇਸ ਲਈ ਹਦਾਇਤ ਕੀਤੀ ਜਾਂਦੀ ਹੈ ਸਾਰੇ ਵਿਦਿਆਰਥੀਆਂ ਦਾ ਟੈਸਟ ਲੈਣ ਉਪਰੰਤ ਹੀ ਅਪਲੋਡ ਬਟਨ ਤੇ ਕਲਿੱਕ ਕੀਤਾ ਜਾਵੇਗਾ।